# गुरु नानक ने दुनियां तारी

ਸਤਿਨਾਮ ਸਤਿਨਾਮ ਸਤਿਨਾਮ ਜੀ,
ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਜੀ x॥ -॥
ਸਤਿਗੁਰੂ ਦਾ, ਪ੍ਰਕਾਸ਼ ਦਿਹਾੜਾ, ਲੱਗ ਪਈ ਹੋਣ ਤਿਆਰੀ ॥*,
ਧੰਨ ਧੰਨ, ਗੁਰੂ ਨਾਨਕ ਨੇ, ਦੁਨੀਆਂ ਤਾਰੀ, ਦੁਨੀਆਂ ਤਾਰੀ ॥
ਸਤਿਨਾਮ ਸਤਿਨਾਮ ਸਤਿਨਾਮ ਜੀ,
ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਜੀ x॥
( ਮੇਰੇ / ਸਭ ਨੂੰ )
ਸਿੱਖੀ ਵਾਲਾ, ਬੂਟਾ ਸੱਚੇ, "ਸਤਿਗੁਰੂ ਨਾਨਕ ਲਾਇਆ" ।
ਭੁੱਲੀਆਂ, ਭੱਟਕੀਆਂ ਰੂਹਾਂ ਨੂੰ ਵੀ, "ਸੱਚ ਦਾ ਰਾਹ ਦਿਖਲਾਇਆ" ॥
*ਇੱਕ ਨੂਰ ਦਾ, ਹੌਕਾ ਦਿੱਤਾ, ਚਰਣੀ ਪਏ ਹੰਕਾਰੀ,,,
ਧੰਨ ਧੰਨ, ਗੁਰੂ ਨਾਨਕ ਨੇ, ਦੁਨੀਆਂ ਤਾਰੀ, ਦੁਨੀਆਂ ਤਾਰੀ ॥
ਸਤਿਨਾਮ ਸਤਿਨਾਮ ਸਤਿਨਾਮ ਜੀ,
ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਜੀ x॥
( ਬਾਬਾ )
ਸਾਢੇ ਪੰਜ ਸੌਂ, ਸਾਲ ਬੀਤ ਗਏ, "ਇੱਕ ਵਾਰੀ ਫਿਰ ਆਓ" ।
ਨੈਣ ਵਿਛਾ ਕੇ, ਬੈਠੀਆਂ ਸੰਗਤਾਂ, "ਸਭ ਨੂੰ ਗਲ਼ ਨਾਲ ਲਾਓ" ॥
*ਵਡਭਾਗੀ, ਜਿਹਨਾਂ ਦਰਸ਼ਨ ਕੀਤੇ, ਚੜ੍ਹ ਗਈ ਨਾਮ ਖੁਮਾਰੀ,,,
ਧੰਨ ਧੰਨ ਗੁਰੂ ਨਾਨਕ ਨੇ, ਦੁਨੀਆਂ ਤਾਰੀ, ਦੁਨੀਆਂ ਤਾਰੀ ॥
ਸਤਿਨਾਮ ਸਤਿਨਾਮ ਸਤਿਨਾਮ ਜੀ,
ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਜੀ x॥
( ਸੰਗਤੋ )
ਬਾਲਾ ਤੇ, ਮਰਦਾਨਾ ਤਰ ਗਏ, "ਨਾਲ ਗੁਰਾਂ ਦੇ ਰਹਿ ਕੇ" ।
ਜੀਵਨ ਸਫ਼ਲ, ਬਣਾ ਲਓ ਮੂੰਹੋਂ, "ਵਾਹਿਗੁਰੂ ਵਾਹਿਗੁਰੂ ਕਹਿ ਕੇ" ॥
*ਥਮਨ ਵਾਲੀਆ, ਵਿੱਚ ਨਨਕਾਣੇ, ਸੰਗਤਾਂ ਦਾ ਇੱਕਠ ਭਾਰੀ,,,
ਧੰਨ ਧੰਨ ਗੁਰੂ ਨਾਨਕ ਨੇ, ਦੁਨੀਆਂ ਤਾਰੀ, ਦੁਨੀਆਂ ਤਾਰੀ ॥

ਸਤਿਗੁਰੂ ਦਾ, ਪ੍ਰਕਾਸ਼ ਦਿਹਾੜਾ, ਲੱਗ ਪਈ ਹੋਣ ਤਿਆਰੀ ॥*,
ਧੰਨ ਧੰਨ, ਗੁਰੂ ਨਾਨਕ ਨੇ, ਦੁਨੀਆਂ ਤਾਰੀ, ਦੁਨੀਆਂ ਤਾਰੀ ॥
ਸਤਿਨਾਮ ਸਤਿਨਾਮ ਸਤਿਨਾਮ ਜੀ,
ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਜੀ x॥ -॥॥

ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/28406/title/guru-nanak-ne-duniya-tari

अपने Android मोबाइल पर BhajanGanga App डाउनलोड करें और भजनों का आनंद ले |